# ਰੈਲੀਆਂ ਹੀ ਰੈਲੀਆਂ, ਰਿਉੜੀਆਂ ਹੀ ਰਿਉੜੀਆਂ

28.12.96

ਗੁਰਸ਼ਰਨ ਸਿੰਘ

1 ਦਸੰਬਰ 1996, 22 ਦਸੰਬਰ 1996 ਦੋ ਐਸੀਆਂ ਰੈਲੀਆਂ ਕਹੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਆਉਣ ਵਾਲੀ ਸਰਕਾਰ ਦੇ ਦਾਅਵੇਦਾਰਾਂ ਤੇ ਹੁਣ ਵਾਲੀ ਸਰਕਾਰ ਨੇ ਆਪਣੇ ਐਲਾਨਾਂ ਨਾਲ ਰਿਉੜੀਆਂ ਵੰਡੀਆਂ। ਸਭ ਕੁੱਝ ਮੁਫ਼ਤ ਹੀ ਮੁਫ਼ਤ। ਬਿਜਲੀ ਮੁਫ਼ਤ, ਪੜ੍ਹਾਈ ਮੁਫ਼ਤ, ਸਫ਼ਰ ਮੁਫ਼ਤ, ਚੁੰਗੀ ਮੁਆਫ਼, ਸੇਲਜ਼ ਟੈਕਸ ਮੁਆਫ਼।

ਸਰਕਾਰੀ ਅਧਿਕਾਰੀ ਅੰਦਰਖ਼ਾਤੇ ਸਵਾਲ ਕਰ ਰਹੇ ਹਨ ਕਿ ਸਭ ਲਈ ਪੈਸਾ ਕਿੱਥੋਂ ਆਏਗਾ? ਅੱਗੇ ਹੀ ਪੰਜਾਬ ਨੇ ਕੇਂਦਰ ਦਾ ਕਰੋੜਾਂ ਕਰਜ਼ਾ ਦੇਣਾ ਹੈ। ਇਕ ਸਾਦਾ ਜਿਹੇ ਬਜ਼ੁਰਗ ਦੀ ਟਿੱਪਣੀ ਹੈ, "ਕਮਲਿਓ ਪੈਸਾ ਤੁਹਾਡਾ ਪਿਓ ਦੇਵੇਗਾ?" ਵੋਟਾਂ ਦੀ ਸਿਆਸਤ ਵਿਚ ਇਨਾ ਨਿਘਾਰ ਆ ਗਿਆ ਹੈ ਕਿ ਕਿਸੇ ਵੀ ਬੁਨਿਆਦੀ ਮੁੱਦੇ 'ਤੇ ਗੱਲ ਕਰਨੀ ਸਰਕਾਰ ਬਣਾਉਣ ਵਾਲੇ ਜਾਂ ਸਰਕਾਰ ਚਲਾਉਣ ਵਾਲਿਆਂ ਦੀ ਲੋੜ ਨਹੀਂ ਰਹੀ। ਸਵਾਲ ਪੁੱਛੇ ਜਾ ਸਕਦੇ ਹਨ—

—ਕੀ 60 ਸਾਲ ਦੀ ਉਮਰ ਵਾਲੀਆਂ ਔਰਤਾਂ ਦੀ ਸਮਾਜ ਵਿਚ ਹਾਲਤ ਇਸ ਕਰਕੇ ਮਾੜੀ ਹੈ, ਕਿਉਂਕਿ ਉਹ ਬੱਸ ਵਿਚ ਮੁਫ਼ਤ ਸਫ਼ਰ ਨਹੀਂ ਕਰ ਸਕਦੀਆਂ? ਕੀ ਮੁਫ਼ਤ ਸਫ਼ਰ ਕਰਨ ਨਾਲ ਉਨ੍ਹਾਂ ਦੀ ਸਮਾਜ ਵਿਚ ਜਾਂ ਪਰਿਵਾਰ ਵਿਚ ਇੱਜ਼ਤ-ਮਾਣ ਵਧ ਜਾਏਗਾ? ਕੀ ਤੁੰਨੀਆਂ ਹੋਈਆਂ ਬੱਸਾਂ ਵਿਚ ਸਫ਼ਰ ਵੇਲੇ ਇਨ੍ਹਾਂ ਨੂੰ ਧੱਕੇ ਲੱਗਣੇ ਬੰਦ ਹੋ ਜਾਣਗੇ? ਕੀ ਕੰਡਕਟਰ ਮੁਸਕਣੀਆਂ ਵਿਚ ਇਹ ਨਹੀਂ ਕਹਿਣਗੇ—"ਪੁੱਤਰਾਂ ਨੂੰਹਾਂ ਨੇ ਘਰੋਂ ਕੱਢ ਦਿੱਤੀ ਮਾਈ, ਜਾ ਮਾਈ ਤੀਰਥ ਯਾਤਰਾ ਕਰ ਆ ਹੁਣ ਤੇਰੀ ਕਿਹੜੀ ਟਿਕਟ ਲੱਗਣੀ ਏ?

—ਕੀ ਕਿਸਾਨਾਂ ਦੀ ਦੁਰਗੱਤ ਇਸ ਕਰਕੇ ਹੈ ਕਿ ਉਨ੍ਹਾਂ ਨੂੰ ਬਿਜਲੀ ਦੇ ਬਿਲ ਦੇਣੇ ਪੈਂਦੇ ਹਨ? ਕੀ ਇਸ ਵਿਚ ਬਿਜਲੀ ਮਹਿਕਮੇ ਦਾ ਦੁਰਪ੍ਰਬੰਧ ਸ਼ਾਮਲ ਨਹੀਂ?

—ਕੀ ਮਹਿੰਗਾਈ ਇਸ ਕਰਕੇ ਹੈ ਕਿ ਵਪਾਰੀਆਂ ਨੂੰ ਚੁੰਗੀ ਦੇਣੀ ਪੈਂਦੀ ਹੈ ਜਾਂ ਸੇਲਜ਼ ਟੈਕਸ ਦੇਣਾ ਪੈਂਦਾ ਹੈ ਜਾਂ ਇੰਸਪੈਕਟਰਾਂ ਨੂੰ ਵੱਢੀ ਦੇਣੀ ਪੈਂਦੀ ਹੈ? ਕੀ ਇਸ ਸਾਰੇ ਵਰਤਾਰੇ ਵਿਚ ਟੈਕਸ ਉਗਰਾਹੀ ਦਾ ਬੁਨਿਆਦੀ ਤੌਰ 'ਤੇ ਨਾਕਸ ਪ੍ਰਬੰਧ ਸ਼ਾਮਲ ਨਹੀਂ?

—ਕੀ ਕੁੜੀਆਂ ਸਿਰਫ਼ ਇਸ ਕਰਕੇ ਨਹੀਂ ਪੜ੍ਹ ਸਕਦੀਆਂ ਕਿ ਉਨ੍ਹਾਂ ਨੂੰ ਸਕੂਲਾਂ ਵਿਚ ਫ਼ੀਸ ਦੇਣੀ ਪੈਂਦੀ ਹੈ?

ਜ਼ਾਹਰ ਹੈ ਕਿ ਉਤਲੇ ਸਵਾਲਾਂ ਦਾ ਜਵਾਬ ਨਹੀਂ ਵਿਚ ਹੋਵੇਗਾ। ਅਸਲ ਲੋੜ ਪ੍ਰਬੰਧ ਨੂੰ ਠੀਕ ਕਰਨ ਦੀ ਹੈ। ਪ੍ਰਬੰਧ ਨੂੰ ਲੋਕਾਂ ਦੀ ਸਹੂਲਤ ਵਾਲਾ ਬਣਾਉਣ ਦੀ ਲੋੜ ਹੈ। ਲੋਕ ਟੈਕਸ ਦੇਣ ਲਈ ਤਿਆਰ ਹਨ, ਬਿਜਲੀ ਦੇ ਬਿਲ ਦੇਣ ਲਈ ਤਿਆਰ ਹਨ, ਸਕੂਲ ਦੀਆਂ ਫ਼ੀਸਾਂ ਦੇਣ ਲਈ ਤਿਆਰ ਹਨ, ਲੋੜ ਹੈ ਕਿ ਉਨ੍ਹਾਂ ਨੂੰ ਬਦਲੇ ਵਿਚ ਉਹ ਸਹੂਲਤਾਂ ਮਿਲਣ, ਜਿਨ੍ਹਾਂ ਦੇ ਉਹ ਹੱਕਦਾਰ ਹਨ। ਚੰਗੇ ਮੁਲਕਾਂ ਦੇ ਸਾਰੇ ਪ੍ਰਬੰਧ ਇਸੇ ਅਸੂਲ 'ਤੇ ਚੱਲਦੇ ਹਨ।

ਦੋਨੋਂ ਰੈਲੀਆਂ ਵਿਚ ਇਹੋ ਜਿਹੀ ਕੋਈ ਗੱਲ ਨਹੀਂ ਕੀਤੀ ਗਈ। ਸਿਰਫ਼ ਐਲਾਨ ਕੀਤੇ ਗਏ ਹਨ; ਵੋਟਾਂ ਨੂੰ ਮੱਦੇਨਜ਼ਰ ਰੱਖਿਆ ਗਿਆ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਪੰਜਾਬ ਦੇ ਲੋਕ ਏਨੇ ਹੀ ਮੂਰਖ ਨੇ?

**ਸਰਕਾਰ, ਪੁਲਸ ਤੇ ਲੋਕ**

ਅੰਮ੍ਰਿਤਸਰ ਜੇਲ੍ਹ ਵਿਚ ਇਕ ਹਾਦਸਾ ਹੋਇਆ ਹੈ। ਖ਼ਾਲਿਸਤਾਨੀ ਨਿਸ਼ਾਨ ਸਿੰਘ ਨੇ ਐਸ. ਐਸ. ਪੀ. ਅਜੀਤ ਸਿੰਘ ਸੰਧੂ 'ਤੇ ਹਮਲਾ ਕਰ ਦਿੱਤਾ, ਉਹਦੀ ਪੱਗ ਲਾਹ ਦਿੱਤੀ। ਨਿਸ਼ਾਨ ਸਿੰਘ ਨੂੰ ਫੇਰ ਬੁਰੀ ਤਰ੍ਹਾਂ ਕੁੱਟਿਆ ਗਿਆ। ਉਹਦੀ ਪੱਗ ਵੀ ਲਹਿ ਗਈ। ਦੋ ਐਸੀਆਂ ਧਿਰਾਂ ਜਿਨ੍ਹਾਂ ਨੇ ਪੰਜਾਬ ਦੀ ਪੱਗ ਮਿੱਟੀ ਵਿਚ ਰੋਲੀ, ਉਨ੍ਹਾਂ ਦੀ ਆਪਣੀ ਪੱਗ ਮਿੱਟੀ ਵਿਚ ਰੁਲ ਗਈ। ਅਖ਼ਬਾਰਾਂ ਵਿਚ ਇਸ ਘਟਨਾ ਬਾਰੇ ਵੱਖ-ਵੱਖ ਪ੍ਰਤੀਕਰਮ ਆਏ ਹਨ।

ਜੇਲ੍ਹਾਂ ਵਿਚ ਸੁਰੱਖਿਆ ਸਹੂਲਤਾਂ ਉੱਤੇ ਤੱਬਸਰੇ ਵੀ ਹੋਏ ਹਨ। ਸਾਰਿਆਂ ਨਾਲੋਂ ਅਹਿਮ ਟਿੱਪਣੀ ਕੇ. ਪੀ. ਐਸ. ਗਿੱਲ ਵੱਲੋਂ ਆਈ ਹੈ। ਉਸ ਨੇ ਪ੍ਰੈੱਸ ਕਾਨਫਰੰਸ ਬੁਲਾਈ ਅਤੇ ਕਿਹਾ, "ਇਕ ਬਹਾਦਰ ਪੁਲਸ ਅਫ਼ਸਰ, ਜਿਸ ਨੇ ਪੰਜਾਬ ਨੂੰ ਅੱਤਵਾਦੀਆਂ ਦੇ ਜਬਰ ਤੋਂ ਬਚਾਇਆ, ਉਹਦੀ ਜੇਲ੍ਹ ਵਿਚ ਜੋ ਬੇਇੱਜ਼ਤੀ ਹੋਈ ਹੈ, ਉਹ ਸਾਰੀ ਪੁਲਸ ਫੋਰਸ ਲਈ ਚੁਣੌਤੀ ਹੈ। ਇਹ ਪੁਲਸ ਦਾ ਮਨੋਬਲ ਘਟਾਏਗਾ।"

ਕੇ. ਪੀ. ਐਸ. ਗਿੱਲ ਜਦੋਂ ਡੀ. ਜੀ. ਪੀ. ਸੀ, ਉਸ ਵੇਲੇ ਵੀ ਅਜੀਤ ਸਿੰਘ ਸੰਧੂ ਉਹਦਾ ਚਹੇਤਾ ਸੀ, ਕਿਉਂਕਿ ਉਹ ਵਗ਼ੈਰ ਕਿਸੇ ਹਿਚਕ ਦੇ ਕਿਸੇ ਵੀ ਬੰਦੇ ਦਾ ਖ਼ੂਨ ਕਰ ਸਕਦਾ ਸੀ। ਇਹ ਸੂਰਜ ਵਰਗਾ ਸੱਚ ਹੈ ਕਿ ਅਜੀਤ ਸਿੰਘ ਸੰਧੂ ਨੇ ਅਣਗਿਣਤ ਨੌਜਵਾਨਾਂ ਨੂੰ ਮਾਰਿਆ, ਇਹ ਵੀ ਸਾਫ਼ ਹੈ ਕਿ ਉਹ ਸਾਰੇ ਅੱਤਵਾਦੀ ਨਹੀਂ ਸਨ।

ਜਸਵੰਤ ਸਿੰਘ ਖਾਲੜਾ ਨੇ ਇਹਦੇ ਬਾਰੇ ਸਬੂਤ ਵੀ ਇਕੱਠੇ ਕੀਤੇ ਤੇ ਇਹ ਵੀ ਸਾਫ਼ ਹੈ ਕਿ ਖਾਲੜਾ ਨੂੰ ਇਸ ਦੁਨੀਆ ਤੋਂ ਲਾਪਤਾ ਕਰਨ ਵਿਚ ਵੀ ਅਜੀਤ ਸਿੰਘ ਸੰਧੂ ਤੇ ਸਿਰਫ਼ ਅਜੀਤ ਸਿੰਘ ਸੰਧੂ ਦਾ ਹੱਥ ਕਿਹਾ ਜਾ ਸਕਦਾ ਹੈ। ਕੇ. ਪੀ. ਐਸ. ਗਿੱਲ ਜਦੋਂ ਅਜੀਤ ਸਿੰਘ ਸੰਧੂ ਦੀ ਸੁਰੱਖਿਆ ਦੀ ਗੱਲ ਕਰਦਾ ਹੈ, ਤਾਂ ਉਹ ਆਪਣੀ ਲੋਕ ਦੁਸ਼ਮਣ ਸੋਚ ਦਾ ਖੁੱਲ੍ਹ ਕੇ ਪ੍ਰਗਟਾਵਾ ਕਰਦਾ ਹੈ। ਆਪਣੀ ਹਰ ਇੰਟਰਵਿਊ ਵਿਚ ਮਨੁੱਖੀ ਹੱਕਾਂ ਲਈ ਸੰਘਰਸ਼ ਕਰਦੀਆਂ ਸੰਸਥਾਵਾਂ ਦਾ ਮਖ਼ੌਲ ਉਡਾਨਾ ਉਹਦੀ ਆਦਤ ਬਣ ਗਈ ਹੈ। ਅਖ਼ਬਾਰਾਂ ਵਾਲੇ ਪਤਾ ਨਹੀਂ ਇਸ ਪੁੱਠੀ ਸੋਚ ਵਾਲੇ ਪੁਲਸ ਅਫ਼ਸਰ ਨੂੰ ਹੁਣ ਵੀ ਅਹਿਮੀਅਤ ਦੇਂਦੇ ਹਨ?

ਪੰਜਾਬ ਵਿਚ ਜੋ ਹਨ੍ਹੇਰੀ 12 ਸਾਲ ਚੱਲੀ, ਇਸ ਦੇ ਕਈ ਪਹਿਲੂ ਹਨ। ਆਪਣੇ ਹੱਕ ਲਈ ਸੰਘਰਸ਼ ਕਰਨਾ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ, ਪਰ ਇਸ ਹੱਕ ਦੀ ਵਰਤੋਂ ਕਰਦਿਆਂ ਜੇ ਮਾਸੂਮਾਂ ਦੇ ਕਤਲ ਕੀਤਾ ਜਾਏ, ਬੱਸਾਂ ਵਿਚੋਂ ਕੱਢ ਕੇ ਬੇਗੁਨਾਹਾਂ ਨੂੰ ਮਾਰਿਆ ਜਾਵੇ, ਧੀਆਂ-ਭੈਣਾਂ ਦੀ ਪੱਤ ਲੁੱਟੀ ਜਾਵੇ ਤਾਂ ਮੁਆਫ਼ ਨਹੀਂ ਕੀਤਾ ਜਾ ਸਕਦਾ ਤੇ ਪੰਜਾਬ ਦੇ ਲੋਕਾਂ ਨੇ ਅੱਤਵਾਦੀਆਂ ਨੂੰ ਇਹਦੇ ਲਈ ਮੁਆਫ਼ ਨਹੀਂ ਕੀਤਾ। ਪਰ ਇਸ ਦੌਰਾਨ ਜੋ ਪੁਲਸ ਜ਼ਿਆਦਤੀਆਂ ਹੋਈਆਂ ਹਨ, ਉਹ ਵੀ ਮੁਆਫ਼ ਨਹੀਂ ਕੀਤੀਆਂ ਜਾ ਸਕਦੀਆਂ।

ਹੁਣ ਫਰਵਰੀ ਤੋਂ ਬਾਅਦ ਨਵੀਂ ਸਰਕਾਰ ਬਣੇਗੀ। ਪੁਲਸ ਲੋਕਾਂ ਨਾਲ ਕਿਹੋ ਜਿਹਾ ਸਲੂਕ ਕਰੇ, ਇਹਦੇ ਬਾਰੇ ਬੜੀਆਂ ਸਖ਼ਤ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ। ਜਿਸ ਸਰਕਾਰ ਨੂੰ ਕੇ. ਪੀ. ਐਸ. ਗਿੱਲ ਵਰਗੇ ਪੁਲਸ ਮੁਖੀ ਦੀ ਲੋੜ ਪਵੇ, ਜੋ ਵਿਸਕੀ ਦੀ ਚੁਸਕੀ ਲਗਾ ਕੇ ਕਤਲਾਂ ਦਾ ਹੁਕਮ ਦੇ ਸਕਦਾ ਹੈ ਜਾਂ ਅਜੀਤ ਸਿੰਘ ਸੰਧੂ ਵਰਗੇ ਪੁਲਸ ਅਫ਼ਸਰਾਂ ਦੀ ਲੋੜ ਪਵੇ, ਉਹ ਸਰਕਾਰ, ਸਰਕਾਰ ਕਹਿਲਾਉਣ ਦੇ ਕਾਬਲ ਨਹੀਂ।